# ਪ੍ਰਸ਼ਨ-ਪੱਤਰ ਦੀ ਰੂਪ-ਰੇਖਾ
## ਪੇਪਰ ਸੈੱਟਰ ਲਈ ਵਿਸ਼ੇਸ਼ ਹਿਦਾਇਤਾਂ
## ਪੰਜਾਬੀ ਲਾਜ਼ਮੀ
## ਸ਼੍ਰੇਣੀ ਬਾਰ੍ਹਵੀਂ
## ਸੈਸ਼ਨ 2020-21

**ਲਿਖਤੀ**=80 **ਅੰਕ**
**ਆਂਤਰਿਕ ਮੁਲਾਂਕਣ**=20
**ਅੰਕ**
**ਕੁੱਲ**=100 **ਅੰਕ**

| | | |
|---|---|---|
| ਪ੍ਰ.1 | ਸੁੰਦਰ ਲਿਖਾਈ | 05 ਅੰਕ |
| ਪ੍ਰ.2 | ਵਸਤੂਨਿਸ਼ਠ ਪ੍ਰਸ਼ਨ | 40 ਅੰਕ |
| (ੳ) | ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰਾਂ ਵਾਲ਼ੇ ਪ੍ਰਸ਼ਨ | 5×2=10ਅੰਕ |
| (ਅ) | ਬਹੁਚੋਣਵੇਂ ਪ੍ਰਸ਼ਨ | 5×2=10ਅੰਕ |
| (ੲ) | ਸਹੀ/ਗ਼ਲਤ | 5×2=10ਅੰਕ |
| (ਸ) | ਖ਼ਾਲੀ ਥਾਂਵਾਂ ਭਰੋ | 5×2=10 ਅੰਕ |
| | ਇਹ ਵਸਤੂਨਿਸ਼ਠ ਪ੍ਰਸ਼ਨ ੦ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ੦,ਕਵਿਤਾਵਾਂ,ਕਹਾਣੀਆਂ ਅਤੇ ਅਖਾਉਤਾਂ ਵਿੱਚੋਂ ਲੁੜੀਂਦੇ ਅਨੁਪਾਤ ਅਨੁਸਾਰ ਹੋਣੇ ਚਾਹੀਦੇ ਹਨ। | |
| ਪ੍ਰ.3 | ੦ਲਾਜ਼ਮੀ ਪੰਜਾਬੀ-12੦ ਦੇ ਸੱਭਿਆਚਾਰ ਭਾਗ ਦੇ ਪਾਠਾਂ ਦੇ ਅਭਿਆਸਾਂ ਵਿੱਚੋਂ 5 ਪ੍ਰਸ਼ਨ ਪੁੱਛ ਕੇ ਕਿਸੇ ਦੋ ਦਾ ਉੱਤਰ ਦੇਣ ਲਈ ਕਿਹਾ ਜਾਵੇਗਾ। | 3+3=6 ਅੰਕ |
| ਪ੍ਰ.4 | ਕਾਰ-ਵਿਹਾਰ ਦੇ ਪੱਤਰ ਲਈ ਦੋ ਵਿਸ਼ੇ ਦੇ ਕੇ ਕਿਸੇ ਇੱਕ ਬਾਰੇ ਪੱਤਰ ਲਿਖਣ ਲਈ ਕਿਹਾ ਜਾਵੇਗਾ। | 1+3+1=5 ਅੰਕ |
| ਪ੍ਰ.5 | ਸੰਖੇਪ ਰਚਨਾ ਕਰਨ ਲਈ ਪਾਠ-ਪੁਸਤਕ ਵਿੱਚੋਂ ਇੱਕ ਪੈਰਾ ਦਿੱਤਾ ਜਾਵੇਗਾ। ਲਗ-ਪਗ ਇੱਕ ਤਿਹਾਈ ਸ਼ਬਦਾਂ ਵਿੱਚ ਸੰਖੇਪ ਰਚਨਾ ਕਰਨੀ ਹੋਵੇਗੀ ਅਤੇ ਸਿਰਲੇਖ ਵੀ ਲਿਖਣਾ ਹੋਵੇਗਾ। ਸਿਰਲੇਖ ਦਾ ਇੱਕ ਅੰਕ ਅਤੇ ਸੰਖੇਪ ਰਚਨਾ ਦੇ ਤਿੰਨ ਅੰਕ ਹੋਣਗੇ। | 1+3=4 ਅੰਕ |
| ਪ੍ਰ.6 | ਪਾਠ-ਪੁਸਤਕ ਅਤੇ ਪਾਠ- ਅਭਿਆਸਾਂ ਵਿੱਚੋਂ ਦੋ ਪ੍ਰਸ਼ਨ ਦੇ ਕੇ ਕਿਸੇ ਇੱਕ ਨੂੰ ਕੋਸ਼-ਤਰਤੀਬ ਅਨੁਸਾਰ ਲਿਖਣ ਲਈ ਕਿਹਾ ਜਾਵੇਗਾ। | 6×1/2=3 ਅੰਕ |
| ਪ੍ਰ.7 | ਪਾਠ-ਪੁਸਤਕ ਅਤੇ ਪਾਠ- ਅਭਿਆਸਾਂ ਵਿੱਚੋਂ 6 ਵਾਕ ਦੇ ਕੇ ਕਿਸੇ 3 ਦਾ ਵਾਕ-ਰੂਪਾਂਤਰਨ ਕਰਨ ਲਈ ਕਿਹਾ ਜਾਵੇਗਾ। | 3×1=3 ਅੰਕ |
| ਪ੍ਰ.8 | ਪਾਠ-ਪੁਸਤਕ ਅਤੇ ਪਾਠ- ਅਭਿਆਸਾਂ ਵਿੱਚੋਂ 5 ਅਖਾਉਤਾਂ ਦੇ ਕੇ ਕਿਸੇ 3 ਨੂੰ ਵਾਕਾਂ ਵਿੱਚ ਵਰਤਣ ਜਾਂ ਉਹਨਾਂ ਦੀਆਂ ਵਰਤੋਂ ਦੀਆਂ ਸਥਿਤੀਆਂ ਦੱਸਣ ਲਈ ਕਿਹਾ ਜਾਵੇਗਾ। | 3×2= 6 ਅੰਕ |
| ਪ੍ਰ.9 | ਪਾਠ-ਪੁਸਤਕ ਵਿੱਚੋਂ 3 ਕਵਿਤਾਵਾਂ ਦੇ ਕੇ ਕਿਸੇ 1 ਦਾ ਕੇਂਦਰੀ ਭਾਵ ਲਿਖਣ ਲਈ ਕਿਹਾ ਜਾਵੇਗਾ। | 3×1 =3 ਅੰਕ |
| ਪ੍ਰ.10 | ਪਾਠ-ਪੁਸਤਕ ਵਿੱਚੋਂ 2 ਕਹਾਣੀਆਂ ਦੇ ਕੇ ਕਿਸੇ 1 ਕਹਾਣੀ ਦਾ ਆਪਣੇ ਸ਼ਬਦਾਂ ਵਿੱਚ ਸਾਰ ਲਿਖਣ ਲਈ ਕਿਹਾ ਜਾਵੇਗਾ। | 5×1 =5 ਅੰਕ |